# 3. ਘੋੜੀਆਂ

ਸੁਹਾਗ ਵਾਂਗ 'ਘੋੜੀ' ਵੀ ਲੋਕ ਕਾਵਿ-ਰੂਪ ਵਜੋਂ ਵਿਆਹ ਸਮੇਂ ਦੇ ਗੀਤਾਂ ਨਾਲ ਸੰਬੰਧਿਤ ਹੈ। ਅਸਲ ਵਿੱਚ ਘੋੜੀ ਲੜਕੇ ਦੇ ਵਿਆਹ ਨਾਲ ਸੰਬੰਧਿਤ ਲੋਕ ਗੀਤ ਹੈ। ਵਿਆਹ ਦੇ ਦਿਨਾਂ ਵਿੱਚ ਮੁੰਡੇ ਦੇ ਘਰ ਇਸਤਰੀਆਂ, ਮੁਟਿਆਰਾਂ ਸਮੂਹਿਕ ਰੂਪ ਵਿੱਚ ਜੋ ਗੀਤ ਉੱਚਾਰਦੀਆਂ ਹਨ, ਉਹਨਾਂ ਨੂੰ 'ਘੋੜੀਆਂ' ਕਿਹਾ ਜਾਂਦਾ ਹੈ। ਵਿਆਹ ਮੌਕੇ ਲਾੜੇ ਦੇ ਘੋੜੀ ਚੜ੍ਹਨ ਦੀ ਰਸਮ ਕਾਰਨ ਵੀ ਇਹਨਾਂ ਗੀਤਾਂ ਨੂੰ ਘੋੜੀਆਂ ਕਿਹਾ ਜਾਂਦਾ ਹੈ। ਸਾਹਿੱਤ ਕੋਸ਼ ਵਿੱਚ ਇੰਜ ਲਿਖਿਆ ਹੈ ," ਵਿਆਹ ਦੇ ਮੌਕੇ ਜੰਞ ਤੁਰਨ ਵੇਲੇ ਲਾੜੇ ਨੂੰ ਘੋੜੀ ਚੜ੍ਹਾਇਆ ਜਾਂਦਾ ਹੈ। ਉਦੋਂ ਜੋ ਗੀਤ ਗਾਏ ਜਾਂਦੇ ਹਨ, ਉਨ੍ਹਾਂ ਨੂੰ ਘੋੜੀ ਚੜ੍ਹਨ ਦੀ ਰਸਮ ਨਾਲ ਸੰਬੰਧਿਤ ਹੋਣ ਕਰਕੇ ਘੋੜੀਆਂ ਕਿਹਾ ਜਾਂਦਾ ਹੈ।"

ਪੁਰਾਤਨ ਸਮੇਂ ਵਿਆਹ ਵੇਲੇ ਘੋੜੀ ਉੱਤੇ ਚੜ੍ਹਨਾ ਸਮਾਜਿਕ ਮਰਿਆਦਾ ਦਾ ਸੂਚਕ ਮੰਨਿਆ ਜਾਂਦਾ ਸੀ। ਇਸ ਉੱਤੇ ਸਵਾਰੀ ਕਰਨਾ ਸਤਿਕਾਰ, ਮਾਣ, ਗੌਰਵ ਦਾ ਪ੍ਰਤੀਕ ਸੀ। ਸ਼ਾਇਦ ਇਹ ਹੀ ਕਾਰਨ ਅੱਜ ਅਨੇਕਾਂ ਆਧੁਨਿਕ ਸਾਧਨ ਆ ਜਾਣ ਦੇ ਬਾਵਜੂਦ ਵੀ ਲਾੜੇ ਨੂੰ ਘੋੜੀ ਚੜ੍ਹਾਇਆ ਜਾਂਦਾ ਹੈ। ਇਸੇ ਤਰ੍ਹਾਂ ਹੀ ਇਹ ਗੀਤ ਵੀ ਲੋਕ-ਸਮੂਹ ਦੀ ਪ੍ਰਵਾਨਗੀ ਹਾਸਲ ਕਰਦੇ ਹੋਏ ਪੀੜ੍ਹੀ-ਦਰ-ਪੀੜ੍ਹੀ ਨਿਰੰਤਰ ਚੱਲਦੇ ਆ ਰਹੇ ਹਨ।

ਘੋੜੀਆਂ ਵਿੱਚ ਮੁੰਡੇ ਦੇ ਖ਼ਾਨਦਾਨ ਦੇ ਸੋਹਲੇ ਗਾਏ ਜਾਂਦੇ ਹਨ। ਮੁੰਡੇ ਨੂੰ ਜਨਮ ਤੋਂ ਹੀ ਪਰਿਵਾਰ ਲਈ ਭਾਗਾਂ ਵਾਲਾ ਮੰਨਿਆ ਜਾਂਦਾ ਹੈ। ਮੁੰਡੇ ਦੀ ਮਾਂ, ਭੈਣ, ਪਿਉ ਸਭ ਨਜ਼ਦੀਕੀ ਸਾਕ-ਸੰਬੰਧੀਆਂ ਦੀ ਰੱਜ ਕੇ ਵਡਿਆਈ ਕੀਤੀ ਜਾਂਦੀ ਹੈ। ਲਾੜੇ ਦੀ ਤਾਰੀਫ਼ ਲਈ ਵੱਖਰੇ-ਵੱਖਰੇ ਸ਼ਬਦ ਜਿਵੇਂ :- ਬੰਨਾ, ਵੀਰਾ, ਮਹਾਰਾਜ, ਮਹਿਰਾਜ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਘੋੜੀ ਦੇ ਬੋਲਾਂ ਵਿੱਚ ਲੋਚਾ ਜਾਂ ਇੱਛਾ ਦੀ ਥਾਂ ਸੁਹਜ ਪ੍ਰਭਾਵ ਵਧੇਰੇ ਹੁੰਦਾ ਹੈ।

ਘੋੜੀ ਚੜ੍ਹਨ ਵੇਲੇ ਮਾਲਣ ਸਿਹਰਾ ਗੁੰਦ ਕੇ ਲਿਆਉਂਦੀ ਹੈ, ਜੋ ਲਾੜੇ ਦੇ ਸਿਰ ਸਜਾਇਆ ਜਾਂਦਾ ਹੈ। ਇਸ ਮੌਕੇ ਭੈਣਾਂ ਘੋੜੀ ਦੀ ਵਾਂਗ ਗੁੰਦਦੀਆਂ ਹਨ। ਭਰਜਾਈ ਦਿਉਰ ਦੀਆਂ ਅੱਖਾਂ 'ਚ ਸੁਰਮਾ ਪਾਉਂਦੀ ਹੈ। ਇਸ ਮੌਕੇ ਬਾਬੇ, ਨਾਨੇ, ਚਾਚੇ, ਤਾਏ, ਮਾਮੇ, ਦਾਦੀ, ਨਾਨੀ ਆਦਿ ਸਾਰੇ ਲਾੜੇ ਦੇ ਵਿਆਹ ਦੇ ਚਾਅ ਵਿੱਚ ਸ਼ੁੱਭ ਅਸੀਸਾਂ ਦਿੰਦੇ ਹਨ। ਇਹਨਾਂ ਗੀਤਾਂ ਵਿੱਚ ਮੁੰਡੇ ਦੀ ਤਾਰੀਫ਼ ਨੂੰ ਰਿਸ਼ਤਿਆਂ ਨਾਲ ਅੰਤਰ-ਸੰਬੰਧਿਤ ਕਰਕੇ ਪੇਸ਼ ਕੀਤਾ ਜਾਂਦਾ ਹੈ। ਮੁੰਡੇ ਦੇ ਪਹਿਰਾਵੇ, ਸਿਹਰੇ ਇੱਥੋਂ ਤੱਕ ਕਿ ਉਸਦੇ ਪੈਰੀਂ ਪਾਈ ਜੁੱਤੀ ਦੀ ਵੀ ਰੱਜ ਕੇ ਵਡਿਆਈ ਕੀਤੀ ਜਾਂਦੀ ਹੈ। ਘੋੜੀਆਂ ਵਿੱਚ ਨਿੱਕੇ-ਨਿੱਕੇ ਵੇਰਵੇ ਦਿੱਤੇ ਜਾਂਦੇ ਹਨ। ਨਵੀਂ ਆਉਣ ਵਾਲੀ ਲਾੜੀ ਦੀ ਸੁੰਦਰਤਾ ਵੀ ਬਿਆਨ ਕੀਤੀ ਜਾਂਦੀ ਹੈ। ਪੰਜਾਬੀ ਲੋਕ ਜੀਵਨ ਵਿੱਚ ਵਿਆਹ ਦੇ ਮੌਕੇ ਤੋਂ ਬਿਨਾਂ ਬੱਚੇ ਦੇ ਜਨਮ ਨਾਲ ਸੰਬੰਧਿਤ ਵੀ ਘੋੜੀਆਂ ਗਾਈਆਂ ਜਾਂਦੀਆਂ ਹਨ। ਇਸ ਕਾਵਿ-ਰੂਪ ਦੀ ਸਮਰੱਥਾ ਨੂੰ ਪਛਾਣਦੇ ਹੋਏ 'ਵਡਹੰਸ ਰਾਗ' ਵਿੱਚ ਸ੍ਰੀ ਰਾਮਦਾਸ ਜੀ ਦੁਆਰਾ ਰਚੇ ਦੋ ਸ਼ਬਦਾਂ ਦਾ ਸਿਰਲੇਖ 'ਘੋੜੀ' ਰੱਖਿਆ ਗਿਆ ਹੈ। ਰਾਜਨੀਤਕ ਚੇਤਨਾ ਅਧੀਨ ਸ਼ਹੀਦ ਭਗਤ ਸਿੰਘ ਨਾਲ ਸੰਬੰਧਿਤ ਘੋੜੀਆਂ ਦਾ ਜ਼ਿਕਰ ਵੀ ਮਿਲਦਾ ਹੈ। ਪਰ ਇੱਥੇ ਸਾਡਾ ਸੰਬੰਧ ਕੇਵਲ ਘੋੜੀ ਕਾਵਿ-ਰੂਪ ਨਾਲ ਹੈ ਜੋ ਵਿਆਹ ਦੀਆਂ ਰਸਮਾਂ ਨਾਲ ਸੰਬੰਧਤ ਹੈ।

ਘੋੜੀਆਂ ਨੂੰ ਇਸਤਰੀਆਂ ਸਮੂਹਿਕ ਰੂਪ ਵਿੱਚ ਗਾਉਂਦੀਆਂ ਹਨ। ਸ਼ਬਦਾਂ, ਵਾਕਾਂ, ਵਾਕੰਸ਼ਾਂ ਵਿੱਚ ਵਾਧੇ ਘਾਟੇ ਦੀ ਸੰਭਾਵਨਾ ਬਣੀ ਰਹਿੰਦੀ ਹੈ। ਹੋਰਨਾਂ ਗੀਤਾਂ ਵਾਂਗ ਘੋੜੀਆਂ ਵਿੱਚ ਵੀ ਕਿਸੇ ਖਿੱਤੇ ਦੀ ਆਪਣੀ ਬੋਲੀ ਹੁੰਦੀ ਹੈ/ ਹੋ ਸਕਦੀ ਹੈ। ਬਣਤਰ ਪੱਖੋਂ ਘੋੜੀਆਂ ਸਰਲ ਕਿਸਮ ਦੀਆਂ ਹੁੰਦੀਆਂ ਹਨ। ਲੈਆਤਮਕਤਾ ਇਸ ਕਾਵਿ-ਰੂਪ ਦੀ ਇੱਕ ਹੋਰ ਖ਼ੂਬੀ ਹੈ। ਦੁਹਰਾਅ, ਪ੍ਰਾਕ੍ਰਿਤਕ ਅੰਸ਼, ਨਿੱਕੇ-ਨਿੱਕੇ ਵੇਰਵੇ, ਰਵਾਨਗੀ ਆਦਿ ਇਹਨਾਂ ਗੀਤਾਂ ਵਿੱਚ ਨਿਵੇਕਲਾ ਰੰਗ ਭਰਦੇ ਹਨ।

ਇੰਜ ਸੁਹਾਗ ਤੇ ਘੋੜੀਆਂ ਵਿਆਹ ਦੀਆਂ ਖ਼ੁਸ਼ੀਆਂ ਨੂੰ ਪ੍ਰਗਟਾਉਂਦੇ ਹੋਏ ਪਰੰਪਰਾਗਤ ਸੰਸਥਾਗਤ ਲੋਕ-ਕਾਵਿ ਰੂਪ ਹਨ। ਪੰਜਾਬੀ ਸਮਾਜ, ਸੱਭਿਆਚਾਰ ਵਿੱਚ ਇਹਨਾਂ ਲੋਕ-ਗੀਤਾਂ ਦੀ ਵੱਖਰੀ ਪਛਾਣ ਹੈ।

ਵਿਦਿਆਰਥੀਆਂ ਨੂੰ ਇਸ ਲੋਕ-ਕਾਵਿ ਰੂਪ ਤੋਂ ਜਾਣੂੰ ਕਰਵਾਉਣ ਲਈ ਪਾਠ-ਪੁਸਤਕ ਵਿੱਚ ਕੁਝ ਘੋੜੀਆਂ ਸ਼ਾਮਲ ਕੀਤੀਆਂ ਜਾ ਰਹੀਆਂ ਹਨ :-

## ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ

ਘੋੜੀ ਤੇਰੀ ਵੇ ਮੱਲਾ ਸੋਹਣੀ,
ਸੋਹਣੀ, ਸੋਂਹਦੀ ਕਾਠੀਆਂ ਦੇ ਨਾਲ,
ਕਾਠੀ ਡੇਢ ਤੇ ਹਜ਼ਾਰ,
ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ।

ਸੁਰਜਣਾ, ਵਿੱਚ-ਵਿੱਚ ਬਾਗਾਂ ਦੇ ਤੁਸੀਂ ਆਇਓ,
ਚੋਟ ਨਗਾਰਿਆਂ 'ਤੇ ਲਾਇਓ,
ਖਾਣਾ ਰਾਜਿਆਂ ਦੇ ਖਾਇਓ,
ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ।

ਛੈਲ ਨਵਾਬਾਂ ਦੇ ਘਰ ਢੁੱਕਣਾ,
ਢੁੱਕਣਾ, ਉਮਰਾਵਾਂ ਦੀ ਤੇਰੀ ਚਾਲ,
ਵਿੱਚ ਸਰਦਾਰਾਂ ਦੇ ਤੇਰਾ ਬੈਠਣਾ,
ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ
ਚੀਰਾ ਤੇਰਾ ਵੇ ਮੱਲਾ ਸੋਹਣਾ,
ਸੋਹਣਾ, ਸੋਂਹਦਾ ਕਲਗ਼ੀਆਂ ਦੇ ਨਾਲ,
ਕਲਗ਼ੀ ਡੇਢ ਤੇ ਹਜ਼ਾਰ,
ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ।

ਕੈਂਠਾ ਤੇਰਾ ਵੇ ਮੱਲਾ ਸੋਹਣਾ,
ਸੋਹਣਾ, ਸੋਂਹਦਾ ਜੁਗਨੀਆਂ ਦੇ ਨਾਲ,
ਜੁਗਨੀ ਡੇਢ ਤੇ ਹਜ਼ਾਰ,
ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ।

ਜਾਮਾ ਤੇਰਾ ਵੇ ਮੱਲਾ ਸੋਹਣਾ,
ਸੋਹਣਾ, ਸੋਂਹਦਾ ਤਣੀਆਂ ਦੇ ਨਾਲ,
ਤਣੀਆਂ ਡੇਢ ਤੇ ਹਜ਼ਾਰ,
ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ।

ਸੁਰਜਣਾ, ਵਿੱਚ-ਵਿੱਚ ਬਾਗਾਂ ਦੇ ਤੁਸੀਂ ਆਇਓ,
ਚੋਟ ਨਗਾਰਿਆਂ 'ਤੇ ਲਾਇਓ,
ਖਾਣਾ ਰਾਜਿਆਂ ਦੇ ਖਾਇਓ,
ਧੀ ਸਰਦਾਰਾਂ ਦੀ ਵਿਆਹ ਲਿਆਇਓ,
ਛੈਲ ਨਵਾਬਾਂ ਦੇ ਘਰ ਢੁੱਕਣਾ।

* * * *

( **ਸੋਂਹਦੀ – ਸੋਹਣਾ ; ਨਵਾਬ – ਅਮੀਰ** ; ਉਮਰਾਵ – ਅਮੀਰ, ਸਰਦਾਰ ; ਚੀਰਾ – ਸਿਰ ਤੇ ਬੰਨ੍ਹਿਆ ਜਾਣ ਵਾਲਾ ਖ਼ਾਸ ਵਸਤਰ, ਪੱਗ; ਨਗਾਰਾ - ਦਮਾਮਾ; ਛੈਲ – ਜਵਾਨ ; ਕੈਂਠਾ – ਗਹਿਣਾ। )

## ਕਲਗੀ ਭੈਣਾਂ ਦਾ ਪਿਆਰ

ਲਾਹੌਰੋਂ ਮਾਲਣ ਆਈ
ਵੀਰਾ ਤੇਰੇ ਸਿਹਰੇ ਗੁੰਦ ਲਿਆਈ
ਚੰਦਾ ਤੇਰੇ ਸਿਹਰੇ ਗੁੰਦ ਲਿਆਈ
ਵੀਰਾ ਤੇਰੇ ਸਿਹਰੇ ਦਾ ਕੀ ਮੁੱਲ
ਇੱਕ ਲੱਖ ਤੇ ਡੇੜ੍ਹ ਹਜ਼ਾਰ ਨੀ ਭੈਣੇ।

ਲਾਹੌਰੋਂ ਦਰਜੀ ਆਇਆ
ਵੀਰਾ ਤੇਰੀ ਅਚਕਨ ਸਿਉਂ ਕਰ ਲਿਆਇਆ
ਵੀਰਾ ਤੇਰੇ ਅਚਕਨ ਦਾ ਕੀ ਮੁੱਲ
ਚੰਦਾ ਤੇਰੀ ਅਚਕਨ ਦਾ ਕੀ ਮੁੱਲ
ਇੱਕ ਲੱਖ ਤੇ ਡੇੜ੍ਹ ਹਜ਼ਾਰ ਨੀ ਭੈਣੇ।

ਲਾਹੌਰੋਂ ਸੁਨਿਆਰਾ ਆਇਆ
ਵੀਰਾ ਤੇਰਾ ਕੈਂਠਾ ਘੜ ਕੇ ਲਿਆਇਆ
ਵੀਰਾ ਤੇਰੇ ਕੈਂਠੇ ਦਾ ਕੀ ਮੁੱਲ
ਚੰਦਾ ਵੇ ਤੇਰੀ ਡੋਰੀ ਦਾ ਕੀ ਮੁੱਲ
ਇੱਕ ਲੱਖ ਤੇ ਡੇੜ੍ਹ ਹਜ਼ਾਰ ਨੀ ਭੈਣੇ।

ਲਾਹੌਰੋਂ ਲਲਾਰੀ ਆਇਆ
ਵੀਰਾ ਤੇਰੀ ਪੱਗ ਵੇ ਰੰਗਾ ਕੇ ਲਿਆਇਆ
ਵੀਰਾ ਤੇਰੀ ਕਲਗੀ ਦਾ ਕੀ ਮੁੱਲ
ਚੰਦਾ ਤੇਰੀ ਕਲਗੀ ਦਾ ਕੀ ਮੁੱਲ
ਬੀਬੀ ਕਲਗੀ ਭੈਣਾਂ ਦਾ ਪਿਆਰ
ਨੀ ਬੀਬੀ ਕਲਗੀ ਭੈਣਾਂ ਦਾ ਪਿਆਰ।

* * * *

**( ਮਾਲਣ – ਮਾਲੀ ਦੀ ਘਰਵਾਲੀ ; ਅਚਕਨ – ਵਿਆਹ ਸਮੇਂ ਪਹਿਨਿਆ ਜਾਣ ਵਾਲਾ ਖ਼ਾਸ ਵਸਤਰ (ਪਹਿਰਾਵਾ); ਕੈਂਠਾ – ਗਲ ਦਾ ਗਹਿਣਾ; ਲਲਾਰੀ – ਕੱਪੜੇ ਰੰਗਣ ਵਾਲਾ। )**

## ਸੋਹਣਾ ਸਿਹਰਾ ਸਤਾਰਾਂ ਲੜੀਆਂ

ਸੋਹਣਾ ਸਿਹਰਾ ਸਤਾਰਾਂ ਲੜੀਆਂ
ਹੀਰੇ ਮੋਤੀਆਂ ਦੇ ਨਾਲ ਜੜਿਆ
ਸਿਹਰਾ ਕਿਸ ਰਾਣੀ ਬਣਾਇਆ
ਸਿਹਰਾ ਕਿਸ ਰਾਜੇ ਸਜਾਇਆ।

ਦਾਦੀ ਰਾਣੀ ਬਣਾਇਆ ਸਿਹਰਾ
ਬਾਬੇ ਰਾਜੇ ਸਜਾਇਆ ਸਿਹਰਾ।
ਸੋਹਣਾ ਸਿਹਰਾ ਸਤਾਰਾਂ ਲੜੀਆਂ
ਹੀਰੇ ਮੋਤੀਆਂ ਦੇ ਨਾਲ ਜੜਿਆ
ਸਿਹਰਾ ਕਿਸ ਰਾਣੀ ਬਣਾਇਆ
ਸਿਹਰਾ ਕਿਸ ਰਾਜੇ ਸਜਾਇਆ।

ਮਾਂ ਰਾਣੀ ਬਣਾਇਆ ਸਿਹਰਾ
ਬਾਬਲ ਰਾਜੇ ਸਜਾਇਆ ਸਿਹਰਾ।

* * * *

## ਅੱਜ ਦਾ ਦਿਨ ਸੁਲੱਖਣਾ

ਅੱਜ ਦਾ ਦਿਨ ਸੁਲੱਖਣਾ,
ਜੀ ਭਾਗਾਂ ਵਾਲਿਆਂ ਤੇ ਆਵੇ।
ਵੀਰੇ ਤੇਰੇ ਬਾਬਲ ਦੇ ਮਨ ਚਾਅ,
ਕਿ ਮਾਤਾ ਸ਼ਗਨ ਮਨਾਵੇ।
ਅੱਜ ਦਾ ਦਿਨ ਸੁਲੱਖਣਾ,
ਜੀ ਭਾਗਾਂ ਵਾਲਿਆਂ ਤੇ ਆਵੇ।

ਵੀਰਾ ਤੇਰੇ ਮਾਮੇ ਦੇ ਮਨ ਸ਼ਾਦੀਆਂ,
ਕਿ ਮਾਮੀ ਸ਼ਗਨ ਮਨਾਵੇ।

ਅੱਜ ਦਾ ਦਿਨ ਸੁਲੱਖਣਾ,
ਜੀ ਭਾਗਾਂ ਵਾਲਿਆਂ ਤੇ ਆਵੇ।
ਕਿ ਜੀਜੇ ਦੇ ਮਨ ਚਾਅ,
ਵੀਰਾ ਵੇ ਭੈਣੋਂ ਸ਼ਗਨ ਮਨਾਵੇ।

* * * *

**( ਸੁਲੱਖਣਾ - ਭਾਗਾਂ ਵਾਲਾ। )**

## ਤੇਰੀਆਂ ਸਭੇ ਮੁਰਾਦਾਂ ਪੁੰਨੀਆਂ

ਸਿਰ ਸਿਹਰਾ ਸੋਹੇ ਹੱਥ ਗਾਨਾ
ਵੇ ਘੋੜੀ ਚੜ੍ਹਿਆ ਵੀਰਾ
ਵੀਰਾ ਦੇਹ ਭੈਣਾਂ ਨੂੰ ਚੁੰਨੀਆਂ
ਤੇਰੀਆਂ ਸਭੇ ਮੁਰਾਦਾਂ ਪੁੰਨੀਆਂ
ਵੇ ਘੋੜੀ ਚੜ੍ਹਿਆ ਵੀਰਾ।

ਸਿਰ ਸਿਹਰਾ ਸੋਹੇ ਹੱਥ ਗਾਨਾ
ਵੇ ਘੋੜੀ ਚੜ੍ਹਿਆ ਵੀਰਾ
ਵੀਰਾ ਦੇਹ ਸਾਲੀਆਂ ਨੂੰ ਛੱਲੇ
ਤੇਰੇ ਨਾਲ ਸੰਧਾਰੇ ਘੱਲੇ
ਵੇ ਘੋੜੀ ਚੜ੍ਹਿਆ ਵੀਰਾ।

ਸਿਹਰਾ ਸੋਹੇ ਹੱਥ ਗਾਨਾ
ਵੇ ਘੋੜੀ ਚੜ੍ਹਿਆ ਵੀਰਾ
ਵੀਰਾ ਭਾਬੀ ਤੇਰੀ ਸੁਰਮਾ ਪਾਵੇ
ਤੇਰੀ ਸੋਹਣੀ ਹੀਰ ਘਰ ਆਵੇ
ਵੇ ਘੋੜੀ ਚੜ੍ਹਿਆ ਵੀਰਾ।

ਸਿਰ ਸਿਹਰਾ ਹਰਾ ਸੋਹੇ ਹੱਥ ਗਾਨਾ
ਵੇ ਘੋੜੀ ਚੜ੍ਹਿਆ ਵੀਰਾ
ਵੀਰਾ ਦੇਹ ਭੈਣਾਂ ਨੂੰ ਗਾਈਂ
ਦੁੱਧ, ਦਹੀਂ ਤੇ ਮੱਖਣ ਖਾਈਂ
ਵੇ ਘੋੜੀ ਚੜ੍ਹਿਆ ਵੀਰਾ।

* * * *

**( ਮੁਰਾਦਾਂ - ਇਛਾਵਾਂ; ਸੋਹੇ - ਸੋਹਣਾ ਲੱਗਣਾ। )**

# ਨੀਲੀ ਘੋੜੀ ਘਾਹ ਚਰੇ

ਨਿੱਕੀ, ਨਿੱਕੀ ਕਣੀ ਦਾ ਮੀਂਹ ਵੇ ਵਰ੍ਹੇ
ਨੀਲੀ ਘੋੜੀ ਵੀਰਾ ਘਾਹ ਵੇ ਚਰੇ
ਉਸ ਘੋੜੀ ਮੇਰਾ ਵੀਰਾ ਚੜ੍ਹੇ
ਦਮਾਂ ਦੀ ਬੋਰੀ ਉਹਦਾ ਬਾਬਾ ਫੜੇ।

ਨਿੱਕੀ, ਨਿੱਕੀ ਕਣੀ ਦਾ ਮੀਂਹ ਵੇ ਵਰ੍ਹੇ
ਨੀਲੀ ਘੋੜੀ ਵੀਰਾ ਘਾਹ ਵੇ ਚਰੇ
ਉਸ ਘੋੜੀ ਮੇਰਾ ਵੀਰਾ ਚੜ੍ਹੇ
ਦਮਾਂ ਦੀ ਬੋਰੀ ਉਹਦਾ ਬਾਬਲ ਫੜੇ।

ਨਿੱਕੀ, ਨਿੱਕੀ ਕਣੀ ਦਾ ਮੀਂਹ ਵੇ ਵਰ੍ਹੇ
ਨੀਲੀ ਘੋੜੀ ਵੀਰਾ ਘਾਹ ਵੇ ਚਰੇ
ਉਸ ਘੋੜੀ ਮੇਰਾ ਵੀਰਾ ਚੜ੍ਹੇ
ਦਮਾਂ ਦੀ ਬੋਰੀ ਉਹਦਾ ਮਾਮਾ ਫੜੇ।

* * * *

**( ਦਮਾਂ – ਪੈਸੇ, ਧਨ। )**

## ਅਭਿਆਸ-ਪ੍ਰਸ਼ਨ

ਪ੍ਰਸ਼ਨ 1. 'ਘੋੜੀਆਂ' ਕਦੋਂ ਗਾਈਆਂ ਜਾਂਦੀਆਂ ਹਨ ?

ਪ੍ਰਸ਼ਨ 2. 'ਘੋੜੀਆਂ' ਕਿਸ ਨੂੰ ਕਿਹਾ ਜਾਂਦਾ ਹੈ ?

ਪ੍ਰਸ਼ਨ 3. ਲਾੜੇ ਦੀ ਤਾਰੀਫ਼ ਲਈ ਕਿਹੜੇ ਸ਼ਬਦ ਵਰਤੇ ਜਾਂਦੇ ਹਨ ?

ਪ੍ਰਸ਼ਨ 4. 'ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ' ਘੋੜੀ ਵਿੱਚ ਵਿਆਹੇ ਜਾਣ ਵਾਲੇ ਮੁੰਡੇ ਦੀ ਸਿਫ਼ਤ ਕਿਵੇਂ ਕੀਤੀ ਗਈ ਹੈ ?

ਪ੍ਰਸ਼ਨ 5. 'ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ' ਘੋੜੀ ਵਿੱਚ ਕਿਸ ਸ਼ਾਨ ਨਾਲ ਜੰਞ ਚੜਨ ਦਾ ਜ਼ਿਕਰ ਕੀਤਾ ਗਿਆ ਹੈ ?

ਪ੍ਰਸ਼ਨ 6. 'ਕਲਗੀ ਭੈਣਾਂ ਦਾ ਪਿਆਰ' ਘੋੜੀ ਵਿੱਚ ਲਾੜੇ ਦੇ ਪਹਿਣਨ ਵਾਲੇ ਕਿਹੜੇ-ਕਿਹੜੇ ਵਸਤਰਾਂ ਦਾ ਜ਼ਿਕਰ ਆਇਆ ਹੈ ?

ਪ੍ਰਸ਼ਨ 7. 'ਸੋਹਣਾ ਸਿਹਰਾ ਸਤਾਰਾਂ ਲੜੀਆਂ' ਘੋੜੀ ਵਿੱਚ ਸਿਹਰੇ ਦੀ ਪ੍ਰਸੰਸਾ ਕਿਵੇਂ ਕੀਤੀ ਗਈ ਹੈ ?

ਪ੍ਰਸ਼ਨ 8. 'ਅੱਜ ਦਾ ਦਿਨ ਸੁਲੱਖਣਾ' ਘੋੜੀ ਵਿੱਚ ਕਿਹੜੇ-ਕਿਹੜੇ ਰਿਸ਼ਤੇਦਾਰਾਂ ਦਾ ਜ਼ਿਕਰ ਹੈ ?

ਪ੍ਰਸ਼ਨ 9. 'ਤੇਰੀਆਂ ਸਭੇ ਮੁਰਾਦਾਂ ਪੁੰਨੀਆਂ' ਘੋੜੀ ਵਿੱਚ ਕਿਹੜੀਆਂ-ਕਿਹੜੀਆਂ ਮੁਰਾਦਾਂ ਰਿਸ਼ਤੇਦਾਰਾਂ ਦੁਆਰਾ ਕੀਤੀਆਂ ਗਈਆਂ ਹਨ ?

ਪ੍ਰਸ਼ਨ 10. 'ਨੀਲੀ ਘੋੜੀ ਘਾਹ ਚਰੇ' ਘੋੜੀ ਦਾ ਕੇਂਦਰੀ ਭਾਵ ਲਿਖੋ।

ਪ੍ਰਸ਼ਨ 11. ਕੋਈ ਦੋ ਘੋੜੀਆਂ ਲਿਖੋ।